# ਭਾਰਤ ਨਿਰਮਾਣ- ਹਾਕਮ ਜਮਾਤਾਂ ਦਾ ਇਕ ਹੋਰ ਫ਼ਰੇਬ

15 ਨਵੰਬਰ 2005 ਨੂੰ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਦਿੱਲੀ ਵਿਚ ਇਕ ਇਕੱਠ ਵਿਚ ਕਿਹਾ ਕਿ ਭਾਰਤ ਦੇ ਪਿੰਡਾ ਅਤੇ ਸ਼ਹਿਰਾਂ ਵਿਚ ਜਿਹੜੀ ਵਿੱਥ ਹੈ ਉਹ ਖ਼ਤਮ ਹੋਣੀ ਚਾਹੀਦੀ ਹੈ ਅਤੇ ਦੇਹਾਤੀ ਇਲਾਕਿਆਂ ਵਿਚ ਗਰੀਬੀ, ਜਹਾਲਤ ਅਤੇ ਬੀਮਾਰੀ ਦੇ ਖ਼ਿਲਾਫ਼ ਜੰਗ ਜਿਤਣ ਲਈ ਪੁਰਜ਼ੋਰ ਉਦਮ ਕਰਕੇ ਇਕ ਨਵੇਂ ਹਿੰਦੁਸਤਾਨ ਦੀ ਉਸਾਰੀ ਦੀ ਲੋੜ ਹੈ। ਪ੍ਰਧਾਨ ਮੰਤ੍ਰੀ ਨੇ ਕਿਹਾ ਕਿ ਪਿੰਡ ਸ਼ਹਿਰਾਂ ਤੋਂ ਬਹੁਤ ਪਿੱਛੇ ਰਹਿ ਗਏ ਹਨ। ਪਿਛਲੀ ਸਦੀ ਵਿਚ ਹੋਈ ਤਰੱਕੀ ਪਿੰਡਾਂ ਨੂੰ ਬਹੁਤ ਹੀ ਪਿੱਛੇ ਛੱਡ ਗਈ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਇਹ ਫਰਕ ਹੋਰ ਨਹੀਂ ਵਧਣ ਦੇਣਾ ਚਾਹੀਦਾ। ਉਸ ਨੇ ਇਹ ਵੀ ਕਿਹਾ ਕਿ ਸਫਾਈ, ਪੀਣ ਦਾ ਪਾਣੀ, ਬਿਜਲੀ, ਸੜਕਾਂ, ਸਿਹਤ, ਤਾਲੀਮ ਅਤੇ ਹੋਰ ਕਿਸੇ ਵੀ ਹਿਸਾਬ ਨਾਲ ਦੇਖਿਆ ਜਾਵੇ ਤਾਂ ਪਿੰਡਾਂ ਦੇ ਲੋਕਾਂ ਦਾ ਮਾੜਾ ਹਾਲ ਹੈ ਅਤੇ ਉਹ ਇਸ ਤੋਂ ਬਿਹਤਰ ਜੀਵਨ ਦੇ ਹੱਕਦਾਰ ਹਨ। ਮਨਮੋਹਨ ਸਿੰਘ ਨੇ ਅੱਗੇ ਕਿਹਾ ਕਿ ਉਸ ਦੀ ਸਰਕਾਰ ਦੀ ਭਾਰਤ ਨਿਰਮਾਣ ਦੀ ਯੋਜਨਾ ਇਕ ਇਹੋ ਜਿਹੀ ਯੋਜਨਾ ਹੈ ਜਿਸ ਨਾਲ ਸ਼ਹਿਰਾਂ ਅਤੇ ਪਿੰਡਾਂ ਵਿਚਲੇ ਇਸ ਫ਼ਰਕ ਨੂੰ ਖ਼ਤਮ ਕੀਤਾ ਜਾ ਸਕੇਗਾ। ਉਹਨੇ ਕਿਹਾ ਕਿ ਭਾਰਤ ਨਿਰਮਾਣ ਦੇ ਨਾਲ ਹੀ ਕੌਮੀ ਦੇਹਾਤੀ ਸਿਹਤ ਮਿਸ਼ਨ ਅਤੇ ਸਰਵ ਸਿਖਿਆ ਮੁਹਿੰਮ ਵਾਸਤੇ ਵੀ ਸਰਕਾਰ ਨੇ ਪੈਸਾ ਲਾਉਣ ਦਾ ਫੈਸਲਾ ਕੀਤਾ ਹੈ।

ਹਿੰਦੁਸਤਾਨ ਦੇ ਲੋਕਾਂ ਦੇ ਆਪਣੀ ਮੁਕਤੀ, ਇੱਜ਼ਤ, ਇਨਸਾਫ ਲਈ ਸੰਘਰਸ਼ ਅਤੇ ਆਪਣੀ ਹਾਲਤ ਨੂੰ ਬਿਹਤਰ ਕਰਨ ਦੇ ਘੋਲਾਂ ਨੂੰ ਕੁਰਾਹੇ ਪਾਉਣ ਲਈ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਨੇ ਸਮੇਂ ਸਮੇਂ ਉੱਤੇ ਵੱਖ ਵੱਖ ਨਾਅਰੇ ਲਾਏ ਹਨ। ਸੋਸ਼ਲਿਜ਼ਮ, ਸੈਕੂਲਰਵਾਦ, ਖੁੱਲ੍ਹੀ ਮੰਡੀ ਅਤੇ ਡਿਵੈਲਪਮੈਂਟ ਵਰਗੇ ਨਾਅਰਿਆਂ ਰਾਹੀਂ ਇਹ ਅੱਗੇ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਰਹੇ ਹਨ ਅਤੇ ਹੁਣ ਵੀ ਇਸੇ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਮਨਮੋਹਨ ਸਿੰਘ ਦਾ ਭਾਰਤ ਨਿਰਮਾਣ ਦਾ ਨਾਅਰਾ ਵੀ ਇਸੇ ਫਰੇਬ ਦੀ ਮਾਲਾ ਦਾ ਇਕ ਮਣਕਾ ਹੈ। ਲੋਕਾਂ ਨੂੰ ਇਹੋ ਜਿਹੇ ਝਾਂਸੇ ਹਾਕਮ ਜਮਾਤਾਂ ਅਤੇ ਇਨ੍ਹਾਂ ਦੇ ਨੁਮਾਇੰਦੇ 1947 ਤੋਂ ਹੀ ਦਿੰਦੇ ਆਏ ਹਨ।

ਆਜ਼ਾਦੀ ਦੇ ਫ਼ੌਰਨ ਬਾਅਦ ਹਾਕਮ ਜਮਾਤਾਂ ਨੂੰ ਆਪਣੇ ਮੁਨਾਫ਼ੇ ਹੋਰ ਵਧਾਉਣ ਲਈ ਇਕ ਐਸੇ ਅਰਥਚਾਰੇ ਦੀ ਲੋੜ ਪਈ ਜਿਸ ਵਿਚ ਆਪਣੀ ਕੋਈ ਪੂੰਜੀ ਲਾਏ ਬਗੈਰ ਹੀ ਉਹ ਸਟੇਟ ਦੇ ਖ਼ਜ਼ਾਨੇ ਨੂੰ ਵਰਤ ਕੇ ਭਾਰੀਆਂ ਸਨਅਤਾਂ ਉਸਾਰ ਕੇ ਇਕ ਬੁਨਿਆਦੀ ਢਾਂਚਾ ਕਾਇਮ ਕਰ ਸਕਣ ਜਿਹਦਾ ਸਾਰਾ ਫਾਇਦਾ ਉਨ੍ਹਾਂ ਨੂੰ ਹੋਵੇ। 1947 ਮਗਰੋਂ ਬਣੀ ਕਾਂਗਰਸ ਦੀ ਨਹਿਰੂ ਸਰਕਾਰ ਨੇ ਹਾਕਮ ਜਮਾਤਾਂ ਦੇ ਇਸ ਮੰਤਵ ਦੀ ਪੂਰਤੀ ਲਈ ਸੋਸ਼ਲਿਜ਼ਮ ਦੇ ਨਾਅਰੇ ਹੇਠ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਦੇ ਪੈਸੇ ਨੂੰ ਭਾਰੀਆਂ ਸਨਅਤਾਂ ਅਤੇ ਹੋਰ ਬੁਨਿਆਦੀ ਢਾਂਚੇ ਬਣਾਉਣ ਲਈ ਵਰਤਿਆ। ਇਹ ਗੁੜ੍ਹਤੀ ਉਨ੍ਹਾਂ ਨੂੰ ਅੰਗਰੇਜ਼ਾਂ ਤੋਂ ਮਿਲੀ ਹੋਈ ਸੀ। ਅੰਗਰੇਜ਼ ਬਸਤੀਵਾਦੀਆਂ ਨੇ ਵੀ ਆਪਣੇ ਮੁਫ਼ਾਦ ਲਈ ਰਾਜ ਤੰਤ੍ਰ ਦੇ ਸਾਧਨ ਵਰਤ ਕੇ ਰੇਲਵੇ, ਨਹਿਰਾਂ ਅਤੇ ਟੈਲੀਗਰਾਫ ਦਾ ਜਾਲ ਵਿਛਾਇਆ ਸੀ ਅਤੇ ਫੇਰ ਇਨ੍ਹਾਂ ਵਸੀਲਿਆਂ ਨੂੰ ਵਰਤ ਕੇ ਹਿੰਦੁਸਤਾਨ ਦੇ ਲੋਕਾਂ ਦੀ ਸਦੀਆਂ ਭਰ ਲੁਟ ਕੀਤੀ ਸੀ। ਬਸਤੀਵਾਦੀ ਢਾਂਚੇ ਦੀ ਰਾਖੀ ਅਤੇ ਹਿੰਦੁਸਤਾਨ ਦੇ ਲੋਕਾਂ ਦੀ ਲੁੱਟ ਕਰਨ ਲਈ ਬਣਾਏ ਗਏ। ਆਜ਼ਾਦੀ ਦੇ ਬਾਅਦ ਅੰਗਰੇਜ਼ਾਂ ਦੇ ਢਾਂਚੇ ਨੂੰ ਵਰਤ ਕੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਨੇ ਵੀ ਆਪਣੇ ਮੁਫ਼ਾਦ ਲਈ ਲੋਹੇ ਅਤੇ ਸਟੀਲ ਦੇ ਵੱਡੇ ਵੱਡੇ ਕਾਰਖ਼ਾਨੇ ਅਤੇ ਹੋਰ ਵੱਡੀਆਂ ਸਨਅਤਾਂ ਕਾਇਮ ਕੀਤੀਆਂ। ਇਨ੍ਹਾਂ ਭਾਰੀਆਂ ਸਨਅਤਾਂ ਨੂੰ ਬਣਾਉਣ ਲਈ ਰਾਜ ਤੰਤ੍ਰ ਨੇ ਸੋਸ਼ਲਿਜ਼ਮ ਦੇ ਨਾਅਰੇ ਹੇਠ ਲੋਕਾਂ ਤੋਂ ਇਕੱਠੀ ਕੀਤੀ ਹੋਈ ਪੂੰਜੀ ਲਾਈ ਪਰ ਇਨ੍ਹਾਂ ਸਨਅਤਾਂ ਦਾ ਫ਼ਾਇਦਾ ਸਿਰਫ਼ ਹਾਕਮ ਜਮਾਤਾਂ ਨੂੰ ਹੀ ਹੋਇਆ। ਉਨ੍ਹਾਂ ਦੇ ਮੁਨਾਫ਼ੇ ਬਹੁਤ ਵੱਧ ਗਏ। ਇਹ ਕੋਈ ਇਤਫ਼ਾਕਨ ਗੱਲ ਨਹੀਂ ਸੀ ਕਿ 1956 ਵਿਚ ਟਾਟਾ ਅਤੇ ਬਿਰਲਾ ਦੋਹਾਂ ਨੇ ਹੀ ਇਹ ਗੱਲ ਕਹੀ ਸੀ ਕਿ ਸਾਨੂੰ ਨਹਿਰੂ ਵਾਲਾ ਸੋਸ਼ਲਿਜ਼ਮ ਬਿਲਕੁਲ ਪਸੰਦ ਹੈ।

ਇਸ ਤਰੀਕੇ ਨਾਲ ਰਾਜ ਤੰਤ੍ਰ ਰਾਹੀਂ ਲੋਕਾਂ ਦੇ ਸਾਰੇ ਮਨੁੱਖੀ ਅਤੇ ਕੁਦਰਤੀ ਸਾਧਨਾਂ ਨੂੰ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੇ ਮੁਨਾਫ਼ੇ ਵਧਾਉਣ ਲਈ ਇਸਤੇਮਾਲ ਕੀਤਾ ਗਿਆ ਪਰ ਇਸ ਸਾਰੇ ਅਮਲ ਨੂੰ ਸੋਸ਼ਲਿਜ਼ਮ ਦਾ ਨਾਮ ਦਿਤਾ ਗਿਆ। ਇਸ ਨੂੰ ਸੋਸ਼ਲਿਜ਼ਮ ਦਾ ਨਾਂ ਇਸ ਲਈ ਦਿਤਾ ਗਿਆ ਕਿਉਂਕਿ ਬਸਤੀਵਾਦ ਦੇ ਜੂਲੇ ਹੇਠੋਂ ਨਿਕਲੇ ਹਿੰਦੁਸਤਾਨੀ ਲੋਕਾਂ ਦੀ ਤਾਂਘ ਸੀ ਕਿ ਇਕ ਇਹੋ ਜਿਹਾ ਨਿਜ਼ਾਮ ਅਤੇ ਅਰਥਚਾਰਾ ਕਾਇਮ ਹੋਵੇ ਜਿਸ ਵਿਚ ਲੋਕਾਂ ਦੀਆਂ ਲੋੜਾਂ ਪੂਰੀਆਂ ਹੋਣ ਅਤੇ ਉਸ ਵੇਲੇ ਲੋਕਾਂ ਨੂੰ ਲਗਦਾ ਸੀ ਸੋਸ਼ਲਿਜ਼ਮ ਇਕ ਇਹੋ ਜਿਹਾ ਸਿਸਟਮ ਹੈ ਜੋ ਇਹ ਕੰਮ ਕਰ ਸਕਦਾ ਹੈ। ਹਾਕਮ ਜਮਾਤਾਂ ਨੇ ਲੋਕਾਂ ਦੇ ਸਮਾਜਵਾਦ ਪ੍ਰਤੀ ਜਜ਼ਬਾਤਾਂ ਨੂੰ ਸਮਝਿਆ ਅਤੇ ਲੋਕਾਂ ਦੇ ਇਨ੍ਹਾਂ ਜਜ਼ਬਾਤਾਂ ਨੂੰ ਵਰਗਲਾਉਣ ਅਤੇ ਆਪਣੇ ਪਿਛੇ ਲਾਮਬੰਦ ਕਰਨ ਲਈ ਸੋਸ਼ਲਿਜ਼ਮ ਦਾ ਨਾਅਰਾ ਲਾਇਆ। ਨਹਿਰੂਵਾਦੀ ਸੋਸ਼ਲਿਜ਼ਮ ਦੇ ਦੌਰਾਨ ਟਾਟੇ, ਬਿਰਲੇ ਅਤੇ ਹੋਰ ਵੱਡੇ ਸਰਮਾਏਦਾਰਾਂ ਦੇ ਮੁਨਾਫ਼ੇ ਸੈਂਕੜੇ ਗੁਣਾ ਵਧੇ ਅਤੇ ਆਰਥਿਕਤਾ ਉੱਤੇ ਉਨ੍ਹਾਂ ਦੀ ਜਕੜ ਹੋਰ ਮਜ਼ਬੂਤ ਹੋ ਗਈ। ਮਿਸਾਲ ਦੇ ਤੌਰ ਤੇ 1980 ਵਿਚ ਹਿੰਦੁਸਤਾਨ ਦੇ 101 ਵੱਡੇ ਸਰਮਾਏਦਾਰਾਂ ਦੇ ਘਰਾਣੇ ਕੁਲ ਸਨਅਤ ਦੇ 66 ਫੀ ਸਦੀ ਹਿੱਸੇ ਨੂੰ ਕੰਟਰੋਲ ਕਰਦੇ ਸੀ। ਸਰਕਾਰ ਦੇ ਹੀ ਇਕ ਅਦਾਰੇ ਨੇ ਦੱਸਿਆ ਸੀ ਕਿ 1972 ਤੋਂ 1983 ਤਕ ਵੱਡੇ ਸਰਮਾਏਦਾਰਾਂ ਦੀ ਸੰਪਤੀ 212 ਫੀ ਸਦੀ ਵਧੀ ਹੈ। 1970-71 ਵਿਚ 4ਫ਼ੀ ਸਦੀ ਜ਼ਿਮੀਂਦਾਰਾਂ ਕੋਲ ਕੁਲ ਜ਼ਮੀਨ ਦਾ 31 ਫੀ ਸਦੀ ਹੋ ਗਿਆ ਸੀ। ਮੱਧ ਵਰਗ ਦੇ ਕੁਝ ਅਫਸਰਾਂ ਅਤੇ ਬੁੱਧੀਜੀਵੀਆਂ ਨੂੰ ਵੀ ਇਹਦਾ ਥੋੜਾ ਬਹੁਤ ਫ਼ਾਇਦਾ ਹੋਇਆ ਜਿਸ ਨਾਲ ਉਹ ਵੀ ਇਸ ਸੋਸ਼ਲਿਜ਼ਮ ਦੇ ਸੋਹਲੇ ਗਾਉਂਦੇ ਰਹੇ। ਦੂਜੇ ਪਾਸੇ, ਇਸ ਸੋਸ਼ਲਿਜ਼ਮ ਵਿਚ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਵੀ ਨਹੀਂ ਮਿਲਿਆ ਅਤੇ ਹਾਕਮ ਜਮਾਤਾਂ ਦੀ ਅੰਨ੍ਹੀ ਲੁੱਟ ਕਰਕੇ ਭੁੱਖਮਰੀ ਅਤੇ ਜਹਾਲਤ ਦਾ ਬਾਜ਼ਾਰ ਗਰਮ ਰਿਹਾ।

ਟਾਟੇ ਅਤੇ ਬਿਰਲੇ ਦੇ ਪਸੰਦੀਦਾ ਇਸ ਸੋਸ਼ਲਿਜ਼ਮ ਦੀ ਹਿਮਾਇਤ ਕਰਨ ਲਈ ਕਾਂਗਰਸ, ਸੀ.ਪੀ.ਆਈ. ਅਤੇ ਸੀ.ਪੀ.ਆਈ.(ਐਮ) ਨੇ ਲੋਕਾਂ ਵਿਚ ਭੁਲੇਖੇ ਖੜੇ ਕੀਤੇ ਅਤੇ ਉਨ੍ਹਾਂ ਨੂੰ ਗੁਮਰਾਹ ਕਰਨ ਲਈ ਹਰ ਤਰਾਂ ਦਾ ਝੂਠ ਅਤੇ ਫਰੇਬ

ਵਰਤਿਆ। ਇਨ੍ਹਾਂ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਨਹਿਰੂ ਅਤੇ ਕਾਂਗਰਸ ਰੌਸ਼ਨ ਖਿਆਲ ਅਤੇ ਅਗਾਂਹਵਧੂ ਬੁਰਜੁਆਜ਼ੀ ਦੇ ਨੁਮਾਇੰਦੇ ਹਨ ਅਤੇ ਸੋਸ਼ਲਿਜ਼ਮ ਦੇ ਪੈਰੋਕਾਰ ਹਨ ਅਤੇ ਇਸ ਲਈ ਇਨ੍ਹਾਂ ਦੀ ਹਿਮਾਇਤ ਕਰਨੀ ਚਾਹੀਦੀ ਹੈ। ਇਸ ਤਰਾਂ ਉਨ੍ਹਾਂ ਨੇ ਮਜ਼ਦੂਰ ਜਮਾਤ, ਕਿਸਾਨਾਂ, ਔਰਤਾਂ, ਨੌਜਵਾਨਾਂ ਅਤੇ ਹੋਰਨਾਂ ਲੋਕਾਂ ਨੂੰ ਕਾਂਗਰਸ ਦੀ ਸਰਕਾਰ ਦੀ ਅਤੇ ਇਹਦੇ ਭੁਲੇਖਿਆਂ ਦੀ ਹਿਮਾਇਤ ਕਰਨ ਲਈ ਅਤੇ ਜਾਰੀ ਰੱਖਣ ਲਈ ਲਾਮਬੰਦ ਕੀਤਾ। ਹਰ ਔਖੇ ਵੇਲੇ ਇਨ੍ਹਾਂ ਨੇ ਕਾਂਗਰਸ ਪਾਰਟੀ ਅਤੇ ਹਾਕਮ ਜਮਾਤਾਂ ਦੇ ਫਰੇਬ ਦੀ ਹਿਮਾਇਤ ਕੀਤੀ। ਹਾਕਮ ਜਮਾਤਾਂ ਦਾ ਇਹ ਸੋਸ਼ਲਿਜ਼ਮ ਬਿਲਕੁਲ ਹੀ ਫਰਾਡ ਸੀ। ਇਸ ਨਿਜ਼ਾਮ ਦੇ ਖ਼ਿਲਾਫ਼ ਲੋਕਾਂ ਦੇ ਘੋਲ ਉਠਣੇ ਵੀ ਲਾਜ਼ਮੀ ਸਨ ਅਤੇ ਉਠੇ। ਪਰ ਲੋਕਾਂ ਦੀ ਜਿਹੜੀ ਵੀ ਤਾਕਤ ਅਤੇ ਲਹਿਰ ਨੇ ਇਸ ਨਿਜ਼ਾਮ ਦਾ ਵਿਰੋਧ ਕੀਤਾ ਉਹਨੂੰ ਡੰਡੇ ਅਤੇ ਗੋਲੀ ਨਾਲ ਕੁਚਲ ਦਿਤਾ ਗਿਆ।

ਜਿਸ ਤਰਾਂ ਹਾਕਮ ਜਮਾਤਾਂ ਦਾ ਸੋਸ਼ਲਿਜ਼ਮ ਇਕ ਫਰਾਡ ਸੀ ਉਸੇ ਤਰਾਂ ਉਨ੍ਹਾਂ ਦਾ ਸੈਕੂਲਰਵਾਦ ਵੀ ਉਸ ਵੇਲੇ ਵੀ ਇਕ ਫ਼ਰਾਡ ਸੀ ਅਤੇ ਹੁਣ ਵੀ ਫ਼ਰਾਡ ਹੈ। ਸੈਕੂਲਰਵਾਦ ਦੇ ਨਾਅਰੇ ਹੇਠ ਬਸਤੀਵਾਦੀਆਂ ਨੇ ਫ਼ਿਰਕੂ ਹਿੰਸਾ ਅਤੇ ਤਸ਼ੱਦਦ ਨੂੰ ਰਾਜ ਤੰਤ੍ਰ ਰਾਹੀਂ ਜਥੇਬੰਦ ਕੀਤਾ ਸੀ। ਆਜ਼ਾਦੀ ਦੇ ਬਾਅਦ ਵੀ ਇਹੀ ਸਿਲਸਿਲਾ ਜਾਰੀ ਰਿਹਾ। ਮਿਸਾਲ ਦੇ ਤੌਰ ਤੇ 2002 ਵਿਚ ਗੁਜਰਾਤ ਵਿਚ ਰਾਜ ਤੰਤ੍ਰ ਵਲੋਂ ਜਥੇਬੰਦ ਕੀਤੀ ਕਤਲੋਗਾਰਤ ਦੀ ਸਫ਼ਾਈ ਪੇਸ਼ ਕਰਦੇ ਹੋਏ ਉਸ ਵੇਲੇ ਦੇ ਕੇਂਦਰੀ ਸਰਕਾਰ ਦੇ ਰੱਖਿਆ ਮੰਤ੍ਰੀ ਜਾਰਜ ਫਰਨਾਂਡਜ਼ ਨੇ ਪਾਰਲੀਮੈਂਟ ਵਿਚ ਸੰਸਦ ਦੇ ਮੈਂਬਰਾਂ ਨੂੰ ਦਸਿਆ ਸੀ ਕਿ ਗੁਜਰਾਤ ਵਿਚ ਹੋਈ ਕਤਲੋਗਾਰਤ ਕੋਈ ਨਵੀਂ ਗੱਲ ਨਹੀਂ, 1947 ਤੋਂ ਲੈ ਕੇ 2001 ਤਕ ਤਕਰੀਬਨ ਫਿਰਕੂ ਹਿੰਸਾ ਅਤੇ ਤਸ਼ੱਦਦ ਦੀਆਂ ਪੰਜਾਹ ਹਜ਼ਾਰ ਵਾਰਦਾਤਾਂ ਹੋ ਚੁੱਕੀਆਂ ਹਨ ਅਤੇ ਕਿਸੇ ਦੋਸ਼ੀ ਨੂੰ ਕੋਈ ਸਜ਼ਾ ਵੀ ਕਦੇ ਨਹੀਂ ਮਿਲੀ, ਪਰ ਅੱਗੇ ਕਿਸੇ ਨੇ ਚੂੰ ਨਹੀ ਕੀਤੀ ਹੁਣ ਕਾਹਦੇ ਲਈ ਰੌਲਾ ਪਾਉਂਦੇ ਹੋ? ਦਿੱਲੀ ਵਿਚ 1984 ਵਿਚ ਸਿੱਖਾਂ ਦੀ ਕਤਲੋਗਾਰਤ ਬਾਰੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਨੇ ਵੀ ਇਸ ਕਤਲੋਗਾਰਤ ਉੱਤੇ ਪੋਚਾ ਹੀ ਪਾਇਆ ਹੈ। ਇਹ ਹੈ ਹਿੰਦੁਸਤਾਨ ਦੀ ਹਾਕਮ ਜਮਾਤਾਂ ਦਾ ਸੈਕੂਲਰਵਾਦ।

ਜਿਹੋ ਜਿਹੇ ਫ਼ਰਾਡ ਇਨ੍ਹਾਂ ਦੇ ਸੋਸ਼ਲਿਜ਼ਮ ਅਤੇ ਸੈਕੂਲਰਵਾਦ ਹਨ ਇਹੋ ਜਿਹਾ ਫ਼ਰਾਡ ਡੈਮੋਕ੍ਰੇਸੀ ਵੀ ਹੈ। ਲੋਕਾਂ ਦੀ ਤਾਂਘ ਇਹ ਸੀ ਕਿ ਅੰਗਰੇਜ਼ਾਂ ਦੇ ਜਾਣ ਬਾਅਦ ਉਹ ਆਪਣੀ ਕਿਸਮਤ ਦੇ ਫੈਸਲੇ ਆਪ ਕਰ ਸਕਣਗੇ। ਪਰ 1947 ਵਿਚ ਅੰਗ੍ਰੇਜ਼ ਹਿੰਦੁਸਤਾਨ ਦੇ ਲੋਕਾਂ ਦੀ ਕਿਰਤ ਅਤੇ ਕੁਦਰਤੀ ਵਸੀਲਿਆਂ ਨੂੰ ਲੁਟਣ ਲਈ ਕਾਇਮ ਕੀਤੇ ਹੋਏ ਆਪਣੇ ਬਸਤੀਵਾਦੀ ਨਿਜ਼ਾਮ ਦੀ ਵਾਗ-ਡੋਰ ਆਪਣੇ ਜੋਟੀਦਾਰਾਂ ਦੇ ਹੱਥ ਦੇ ਗਏ। ਮੁਲਕ ਨੂੰ ਰਸਮੀ ਆਜ਼ਾਦੀ ਭਾਵੇਂ ਮਿਲ ਗਈ ਸੀ ਪਰ ਬਸਤੀਵਾਦੀ ਰਾਜ ਤੰਤ੍ਰ, ਕਾਨੂੰਨ ਅਤੇ ਸਿਆਸੀ ਪ੍ਰਣਾਲੀ ਉਸੇ ਤਰ੍ਹਾਂ ਹੀ ਕਾਇਮ ਰਹੇ ਜਿਸ ਤਰਾਂ ਪਹਿਲਾਂ ਸੀ।

ਇਕ ਗੱਲ ਜਿਹੜੀ ਬਦਲੀ ਉਹ ਇਹ ਸੀ ਕਿ ਹਾਕਮ ਜਮਾਤਾਂ ਨੂੰ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਹੁਣ ਸਾਰਿਆਂ ਨੂੰ ਹੀ ਦੇਣਾ ਪਿਆ। 1947 ਤੋਂ ਪਹਿਲਾਂ ਇਹ ਹੱਕ ਜਾਇਦਾਦ ਤੇ ਨਿਰਭਰ ਕਰਦਾ ਸੀ। ਵੋਟ ਪਾਉਣ ਦਾ ਹੱਕ ਸਿਰਫ਼ ਉਨ੍ਹਾਂ ਕੋਲ ਹੀ ਸੀ ਜਿਨ੍ਹਾਂ ਕੋਲ ਜਾਇਦਾਦ ਹੁੰਦੀ ਸੀ। ਪਰ 1947 ਦੇ ਬਾਅਦ ਇਹ ਹੱਕ ਸਾਰੇ ਹੀ ਲੋਕਾਂ ਨੂੰ ਦੇਣਾ ਪਿਆ। ਇਹ ਹਾਕਮ ਜਮਾਤਾਂ ਦੀ ਮਜਬੂਰੀ ਸੀ। ਉਨ੍ਹਾਂ ਨੂੰ ਇਹ ਰਿਆਇਤ ਲੋਕਾਂ ਨੂੰ ਦੇਣੀ ਹੀ ਪਈ। ਪਰ ਸਿਆਸੀ ਤਾਕਤ ਪਹਿਲਾਂ ਵਾਂਗ ਕੁਝ ਹੀ ਪਰਿਵਾਰਾਂ ਦੇ ਹੱਥ ਵਿਚ ਰਹੀ। 1950 ਵਿਚ ਹਿੰਦੁਸਤਾਨ ਦਾ ਸੰਵਿਧਾਨ, ਜੋ ਕਿ ਹਾਕਮ ਜਮਾਤਾਂ ਨੇ ਹੀ ਬਣਾਇਆ ਸੀ, ਅੰਗਰੇਜ਼ਾਂ ਦੇ ਕਾਨੂੰਨ ਨਾਲੋਂ ਕੋਈ ਜ਼ਿਆਦਾ ਵੱਖਰਾ ਨਹੀਂ ਸੀ। ਇਸ ਸੰਵਿਧਾਨ ਵਿਚ ਕਿਸੇ ਦੇ ਵੀ ਹੱਕ ਦੀ ਗਰੰਟੀ ਨਹੀਂ ਦਿਤੀ ਗਈ। ਪਹਿਲਾਂ ਵਾਂਗ ਹੀ ਕੌਮਾਂ, ਕੌਮੀਅਤਾਂ ਅਤੇ ਕਬਾਇਲੀ ਲੋਕਾਂ ਦੇ ਹੱਕਾਂ ਨੂੰ ਨਕਾਰ ਦਿਤਾ ਗਿਆ। ਬਸਤੀਵਾਦੀ ਪਾਰਟੀ ਰਾਜ ਦੀ ਸਿਆਸੀ ਪ੍ਰਣਾਲੀ ਰਾਹੀ ਲੋਕਾਂ ਦੀ ਸਿਆਸੀ ਪ੍ਰਭੁਤਾ ਹਥਿਆ ਲਈ ਗਈ। ਲੋਕ ਸਿਰਫ਼ ਇਕ ਵੋਟਾਂ ਪਾਉਣ ਵਾਲਾ ਹਜੂਮ ਬਣਾ ਦਿਤੇ ਗਏ ਜਿਨ੍ਹਾਂ ਨੂੰ ਵੋਟਾਂ ਵਾਲੇ ਦਿਨ ਘੇਰ ਕੇ ਵੋਟਾਂ ਪੁਆ ਲਈਆਂ ਤੇ ਫੇਰ ਅਗਲੀਆਂ ਚੋਣਾਂ ਤੱਕ ਖੁੱਡੇ ਲਾਈ ਰੱਖਿਆ। ਜੇ ਕਿਸੇ ਨੇ ਇਹਦੇ ਖ਼ਿਲਾਫ਼ ਆਵਾਜ਼ ਉਠਾਈ ਤਾਂ ਉਹਨੂੰ ਡੰਡਾ ਅਤੇ ਗੋਲੀ ਸਿੱਕਾ ਵਰਤ ਕੇ ਦਬਾ ਦਿਤਾ ਗਿਆ। 1951 ਵਿਚ ਹਿੰਦੁਸਤਾਨ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਕਿਹਾ ਸੀ ਕਿ ਪਿਛਲੇ ਚਾਰ ਸਾਲਾਂ ਵਿਚ ਆਜ਼ਾਦ ਹਿੰਦੁਸਤਾਨ ਦੀ ਸਰਕਾਰ ਨੇ ਲੋਕਾਂ ਉੱਤੇ ਅੰਗਰੇਜ਼ਾਂ ਦੇ ਦੋ ਸੌ ਸਾਲਾਂ ਦੇ ਰਾਜ ਨਾਲੋਂ ਵੀ ਵੱਧ ਵਾਰੀ ਗੋਲੀ ਚਲਾਈ ਹੈ। ਹਾਕਮ ਜਮਾਤਾਂ ਦੀ ਡੈਮੋਕ੍ਰੇਸੀ ਦਾ ਇਹ ਖਾਸਾ ਉਸ ਤਰਾਂ ਹੀ ਕਾਇਮ ਹੈ। ਹਜ਼ਾਰਾਂ ਵਾਰ ਫੌਜ ਅਤੇ ਨੀਮ ਫੌਜ ਨੂੰ ਲੋਕਾਂ ਦੇ ਹੱਕਾਂ ਉੱਤੇ ਹਮਲੇ ਕਰਨ ਲਈ ਭੇਜਿਆ ਗਿਆ ਹੈ।

ਮੌਜੂਦਾ ਨਿਜ਼ਾਮ ਹੇਠ ਲੋਕਾਂ ਨੂੰ ਆਪਣੇ ਜੀਵਨ ਬਾਰੇ ਫੈਸਲੇ ਕਰਨ ਦਾ ਕੋਈ ਹੱਕ ਹਾਸਲ ਨਹੀਂ। ਇਹ ਇਸ ਡੈਮੋਕ੍ਰੇਸੀ ਦਾ ਖਾਸਾ ਹੈ। ਪਰ ਹਾਕਮ ਜਮਾਤਾਂ ਦੀਆਂ ਪਾਰਟੀਆਂ ਜਿਵੇਂ ਕਿ ਕਾਂਗਰਸ, ਭਾਜਪਾ, ਸੀ.ਪੀ.ਆਈ. ਅਤੇ ਸੀ.ਪੀ.ਆਈ.(ਐਮ) ਅਤੇ ਹੋਰ ਇਹੋ ਡੰਡ ਪਾਉਂਦੇ ਆਏ ਹਨ ਕਿ ਹਿੰਦੁਸਤਾਨ ਦੁਨੀਆ ਦੀ ਸਾਰਿਆਂ ਨਾਲੋਂ ਵੱਡੀ ਡੈਮੋਕ੍ਰੇਸੀ ਹੈ ਅਤੇ ਲੋਕਾਂ ਨੂੰ ਇਸ ਜਮਹੂਰੀਅਤ ਦੀ ਰਾਖੀ ਕਰਨ ਲਈ ਕਿਹਾ। ਇਹੋ ਜਿਹੀ ਲੋਕ ਰਾਏ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਸ ਜਮਹੂਰੀਅਤ ਵਿਚ ਲੋਕਾਂ ਨੂੰ ਕੁਝ ਹੱਕ ਹਾਸਲ ਹਨ ਅਤੇ ਉਹ ਆਪਣੀ ਤਕਦੀਰ ਬਾਰੇ ਆਪ ਫੈਸਲੇ ਕਰ ਸਕਦੇ ਹਨ। ਪਰ ਹਕੀਕਤ ਇਸ ਤੋਂ ਬਹੁਤ ਹੀ ਦੂਰ ਹੈ। ਅੱਜ ਹਿੰਦੁਸਤਾਨ ਦੇ ਕਿਸੇ ਵੀ ਹਿੱਸੇ ਵਿਚ ਲੋਕਾਂ ਨੂੰ ਆਪਣੀ ਜ਼ਿੰਦਗੀ ਬਾਰੇ ਫੈਸਲੇ ਕਰਨ ਦਾ ਕੋਈ ਹੱਕ ਨਹੀਂ ਹੈ। ਉਹ ਆਪਣੇ ਮਨੁੱਖੀ ਅਤੇ ਕੁਦਰਤੀ ਸਾਧਨਾਂ ਬਾਰੇ ਕੋਈ ਫੈਸਲਾ ਨਹੀਂ ਕਰ ਸਕਦੇ। ਚੋਣਾਂ ਵਿਚ ਵੋਟਾਂ ਪਾਉਣ ਦੇ ਇਲਾਵਾ ਉਨ੍ਹਾਂ ਦੇ ਹੱਥ ਵਿਚ ਕੁਝ ਵੀ ਨਹੀਂ। ਰਾਜ ਤੰਤ੍ਰ ਦੇ ਸਾਰੇ ਹੀ ਅਦਾਰੇ ਉਨ੍ਹਾਂ ਦੇ ਖ਼ਿਲਾਫ਼ ਹਨ। ਆਮ ਆਦਮੀ ਨੂੰ ਕਿਸੇ ਵੀ ਸਰਕਾਰੀ ਦਫ਼ਤਰ ਵਿਚ ਜਾਣ ਤੇ ਇਹ ਅਹਿਸਾਸ ਇਕ ਦਮ ਹੋ ਜਾਂਦਾ ਹੈ ਕਿ ਉਥੇ ਉਸ ਦੀ ਕੋਈ ਸੁਣਵਾਈ ਨਹੀਂ। ਇਹ ਅਦਾਰੇ ਉਹਦੇ ਮਸਲੇ ਹੱਲ ਕਰਨ ਲਈ ਨਹੀਂ ਬਲਕਿ ਉਨ੍ਹਾਂ ਮਸਲਿਆਂ ਦੀ ਜੜ੍ਹ ਹਨ।

ਡਿਵੈਲਪਮੈਂਟ ਦਾ ਨਾਅਰਾ ਵੀ ਇਕ ਇਹੋ ਜਿਹਾ ਨਾਅਰਾ ਹੈ ਜੋ ਸਾਮਰਾਜੀਆਂ ਅਤੇ ਹਾਕਮ ਜਮਾਤਾਂ ਦੇ ਬਹੁਤ ਰਾਸ ਆਇਆ ਹੈ। ਇਸ ਨਾਅਰੇ ਨਾਲ ਉਹ ਲੋਕਾਂ ਨੂੰ ਇਹ ਯਕੀਨ ਦੁਆਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਦੇਸੀ ਤੇ ਵਿਦੇਸ਼ੀ ਪੂੰਜੀ ਨੂੰ ਖੁੱਲ੍ਹੀ ਛੁੱਟੀ ਦੇਣ ਨਾਲ ਲੋਕਾਂ ਦੇ ਕੁਦਰਤੀ ਸਾਧਨਾਂ ਅਤੇ ਮਨੁੱਖੀ ਸਾਧਨਾਂ ਦੀ ਲੁੱਟ ਡੀਵੈਲਪਮੈਂਟ ਹੈ ਤੇ ਲੋਕਾਂ ਦੇ ਫ਼ਾਇਦੇ ਲਈ ਹੈ। ਉਹ

ਕਹਿੰਦੇ ਹਨ ਕਿ ਇਹਦੇ ਨਾਲ ਲੋਕਾਂ ਦੀ ਅਤੇ ਮੁਲਕ ਦੀ ਡਿਵੈਲਪਮੈਂਟ ਹੁੰਦੀ ਹੈ ਤੇ ਉਹ ਸਭ ਕੁਝ ਲੋਕਾਂ ਦੇ ਭਲੇ ਲਈ ਹੀ ਕਰ ਰਹੇ ਹਨ। ਸਾਮਰਾਜ ਅਤੇ ਹਾਕਮ ਜਮਾਤਾਂ ਦੇ ਇਸ ਨਾਅਰੇ ਦਾ ਰੌਲਾ ਸਰਕਾਰੀ ਅਤੇ ਗੈਰ ਸਰਕਾਰੀ ਅਦਾਰੇ ਹਰ ਪਾਸੇ ਪਾਈ ਜਾਂਦੇ ਹਨ। ਆਲਮੀ ਬੈਂਕ, ਆਈ.ਐਮ.ਐਫ਼, ਵਿਸ਼ਵ ਵਪਾਰ ਸੰਸਥਾ ਅਤੇ ਹੋਰ ਅਦਾਰੇ ਡਿਵੈਲਪਮੈਂਟ ਦੀ ਗੱਲ ਕਰਦੇ ਨਹੀਂ ਥੱਕਦੇ ਪਰ ਅਸਲੀਅਤ ਇਹ ਹੀ ਹੈ ਕਿ ਇਸ ਨਾਅਰੇ ਹੇਠ ਲੋਕਾਂ ਦੀ ਇਕ ਬਹੁਤ ਵੱਡੇ ਪੈਮਾਨੇ ਤੇ ਲੁੱਟ ਕੀਤੀ ਜਾ ਰਹੀ ਹੈ। ਮਿਸਾਲ ਦੇ ਤੌਰ ਤੇ ਕੇਰਲਾ ਦੇ ਇਕ ਪਿੰਡ ਵਿਚ ਜਿੱਥੇ ਲੋਕਾਂ ਨੂੰ ਪੀਣ ਨੂੰ ਪਾਣੀ ਨਹੀਂ ਮਿਲਦਾ, ਸਰਕਾਰ ਨੇ ਕੋਕਾ ਕੋਲਾ ਨੂੰ ਰੋਜ਼ ਪੰਜ ਲੱਖ ਲਿਟਰ ਪਾਣੀ ਮੁਫ਼ਤ ਦੇਣ ਦੀ ਸਹੂਲੀਅਤ ਦਿਤੀ ਸੀ ਅਤੇ ਇਹਦੀ ਵਜ੍ਹਾ ਇਹ ਦੱਸੀ ਗਈ ਸੀ ਕੋਕਾ ਕੋਲਾ ਉਸ ਇਲਾਕੇ ਨੂੰ ਡਿਵੈਲਪ ਕਰ ਰਿਹਾ ਹੈ। ਅਮਰੀਕਾ ਵਿਚ ਵੀ ਜੱਦੀ ਲੋਕਾਂ ਨੂੰ ਡਿਵੈਲਪਮੈਂਟ ਦੇ ਨਾਅਰੇ ਹੇਠ ਹੀ ਕਰੋੜਾਂ ਦੀ ਤਾਦਾਦ ਵਿਚ ਕਤਲੋਗਾਰਤ ਦਾ ਸ਼ਿਕਾਰ ਕੀਤਾ ਗਿਆ ਸੀ। ਇਸੇ ਤਰਾਂ ਨਰਬਦਾ ਘਾਟੀ ਵਿਚ ਕਬਾਇਲੀ ਲੋਕਾਂ ਦੇ ਕੁਦਰਤੀ ਸਾਧਨਾਂ ਨੂੰ ਹੜੱਪਣ ਲਈ ਡਿਵੈਲਪਮੈਂਟ ਦਾ ਰਾਗ ਅਲਾਪਿਆ ਜਾ ਰਿਹਾ ਹੈ। ਅੰਗ੍ਰੇਜ਼ ਬਸਤੀਵਾਦੀਆਂ ਨੇ ਹਿੰਦੁਸਤਾਨ ਦਾ ਰਾਜ ਤੰਤ੍ਰ ਲੋਕਾਂ ਦੇ ਸਾਧਨ ਇਸ ਤਰਾਂ ਹੜੱਪਣ ਲਈ ਇਕ ਵੱਡੇ ਹਥਿਆਰ ਦੇ ਤੌਰ ਤੇ ਕਾਇਮ ਕੀਤਾ ਸੀ ਅਤੇ ਹੁਣ ਇਸ ਹਥਿਆਰ ਨੂੰ ਵਰਤ ਕੇ ਇਹੋ ਜਿਹੀ ਡਿਵੈਲਪਮੈਂਟ ਕਰਨ ਦਾ ਰਾਗ ਮਨਮੋਹਨ ਸਿੰਘ ਦੀ ਸਰਕਾਰ ਵੀ ਅਲਾਪ ਰਹੀ ਹੈ।

ਇਸੇ ਤਰਾਂ ਹੀ ਖੁੱਲ੍ਹੀ ਮੰਡੀ ਦੀ ਗੱਲ ਵੀ ਕੀਤੀ ਜਾਂਦੀ ਹੈ ਹਾਲਾਂ ਕਿ ਖੁੱਲ੍ਹੀ ਮੰਡੀ ਖ਼ਤਮ ਹੋਇਆਂ ਤਕਰੀਬਨ ਸੌ ਸਾਲ ਹੋ ਗਏ ਹਨ ਅਤੇ ਸਰਮਾਏਦਾਰ ਅਜਾਰੇਦਾਰਾਂ ਨੇ ਆਪ ਹੀ ਇਹ ਖੁੱਲ੍ਹੀ ਮੰਡੀ ਖ਼ਤਮ ਕੀਤੀ ਹੈ। ਮਿਸਾਲ ਦੇ ਤੌਰ ਤੇ 1908 ਵਿਚ ਰੌਕਫੈਲਰ ਨੇ ਕਿਹਾ ਸੀ ਕਿ ਖੁੱਲ੍ਹੀ ਮੰਡੀ ਇਕ ਪਾਪ ਹੈ। ਮੰਡੀ ਅਜ਼ਾਦ ਨਹੀਂ ਬਲਕਿ ਇਹਦਾ ਦਾ ਸਾਰਾ ਕੰਟਰੋਲ ਵੱਡੇ ਸਰਮਾਏਦਾਰਾਂ ਅਤੇ ਅਜਾਰੇਦਾਰਾਂ ਦੇ ਹੱਥ ਵਿਚ ਹੈ। ਇਕ ਖੋਜ ਮੁਤਾਬਿਕ ਨਿਊਯਾਰਕ ਦੇ ਸੱਟੇ ਬਾਜ਼ਾਰ ਵਿਚ ਸ਼ੇਅਰਾਂ ਦੇ ਪੰਦਰਾਂ ਫੀ ਸਦੀ ਮਾਲਕ ਅੱਸੀ ਫੀ ਸਦੀ ਸ਼ੇਅਰਾਂ ਨੂੰ ਕੰਟਰੋਲ ਕਰਦੇ ਹਨ। ਲੋਕਾਂ ਨੂੰ ਭੁਲੇਖੇ ਪਾਏ ਜਾਂਦੇ ਹਨ ਕਿ ਕੋਈ ਖੁੱਲ੍ਹੀ ਮੰਡੀ ਹੈ ਅਤੇ ਇਸ ਖੁੱਲ੍ਹੀ ਮੰਡੀ ਦੇ ਦੈਵੀ ਹੱਕ ਨੂੰ ਤਸਲੀਮ ਕਰਨ ਨਾਲ ਸਮਾਜ ਅਤੇ ਵਿਅਕਤੀ ਨੂੰ ਦਰਪੇਸ਼ ਮਸਲੇ ਹੱਲ ਹੋ ਜਾਣਗੇ। ਪਰ ਇਹਦੇ ਪਿੱਛੇ ਵੱਡੇ ਅਜਾਰੇਦਾਰਾਂ ਦਾ ਹੱਥ ਲੁਕਿਆ ਹੋਇਆ ਹੈ ਜੋ ਛੋਟੇ ਸਰਮਾਏਦਾਰਾਂ ਨੂੰ ਆਪਣੇ ਮਗਰ ਲਾ ਕੇ ਬਰਬਾਦ ਕਰਦੇ ਹਨ ਅਤੇ ਮੱਧ ਵਰਗ ਨੂੰ ਨਵੀਂ ਉਸਾਰੀ ਦੇ ਉਦਮ ਤੋਂ ਰੋਕਣ ਲਈ ਇਹੋ ਜਿਹੇ ਭੁਲੇਖੇ ਪਾਉਂਦੇ ਹਨ। ਅਮਰੀਕਾ ਵਿਚ ਹਰ ਸਾਲ ਲੱਖਾਂ ਹੀ ਛੋਟੇ ਵਪਾਰੀਆਂ ਦਾ ਘਾਣ ਵੱਡੇ ਅਜਾਰੇਦਾਰ ਕਰਦੇ ਹਨ।

ਹਾਕਮ ਜਮਾਤਾਂ ਦਾ ਆਮ ਲੋਕਾਂ ਤੇ ਦਬਾਅ ਹੈ ਕਿ ਉਹ ਆਪਣੇ ਅਨੁਭਵ ਉੱਤੇ ਧਿਆਨ ਨਾ ਦੇਣ ਅਤੇ ਆਪਣੇ ਤਜਰਬੇ ਤੋਂ ਕੋਈ ਸਿੱਟੇ ਨਾ ਕੱਢਣ। ਇਹਦੇ ਨਾਲ ਹੀ ਉਨ੍ਹਾਂ ਤੇ ਇਹ ਵੀ ਦਬਾਅ ਹੈ ਕਿ ਉਹ ਦੂਸਰੇ ਮੁਲਕਾਂ ਦੇ ਲੋਕਾਂ ਦੇ ਤਜਰਬੇ ਤੋਂ ਵੀ ਕੁਝ ਨਾ ਸਿੱਖਣ ਅਤੇ ਕੋਈ ਸਿੱਟੇ ਨਾ ਕੱਢਣ। ਮਿਸਾਲ ਦੇ ਤੌਰ ਤੇ ਪੰਜਾਬ ਵਿਚ ਹਜ਼ਾਰਾਂ ਹੀ ਨੌਜਵਾਨਾਂ ਦੇ ਕਤਲ ਪੁਲਿਸ ਅਤੇ ਫੌਜ ਨੇ ਕੀਤੇ ਜਿਨ੍ਹਾਂ ਦੀ ਕੋਈ ਤਫ਼ਤੀਸ਼, ਕੋਈ ਸੁਣਵਾਈ ਨਹੀਂ ਹੋਈ। ਹਜ਼ਾਰਾਂ ਹੀ ਲਾਸ਼ਾਂ ਨੂੰ ਬਿਨਾਂ ਸ਼ਨਾਖ਼ਤ ਦੇ ਫੂਕ ਦਿਤਾ ਗਿਆ ਪਰ ਕਿਸੇ ਨੂੰ ਕੋਈ ਸਜ਼ਾ ਨਹੀਂ ਦਿਤੀ ਗਈ। ਲੋਕਾਂ ਉਤੇ ਇਹ ਦਬਾਅ ਹੈ ਕਿ ਲੋਕਾਂ ਖ਼ਿਲਾਫ਼ ਇਨ੍ਹਾਂ ਸਾਰੇ ਜੁਰਮਾਂ ਨੂੰ ਭੁਲਣਾ ਹੀ ਬਿਹਤਰ ਹੈ ਕਿਉਂਕਿ ਹਿੰਦੁਸਤਾਨ ਇਕ ਡੈਮੋਕ੍ਰੇਸੀ ਹੈ। ਇਥੇ ਹਰ ਪੰਜ ਸਾਲਾਂ ਬਾਅਦ ਚੋਣਾਂ ਹੋ ਜਾਂਦੀਆਂ ਹਨ ਅਤੇ ਜੇ ਤੁਹਾਨੂੰ ਕਾਂਗਰਸ ਪਸੰਦ ਨਹੀਂ ਤਾਂ ਅਕਾਲੀਆਂ ਨੂੰ ਜਾਂ ਕਿਸੇ ਹੋਰ ਨੂੰ ਵੋਟਾਂ ਨਾਲ ਜਿਤਾ ਦਿਉ। ਪਰ ਲੋਕਾਂ ਦੇ ਕਾਤਲਾਂ ਬਾਰੇ ਕੋਈ ਤਫ਼ਤੀਸ਼ ਅਤੇ ਕਾਰਵਾਈ ਨਹੀਂ ਹੋ ਸਕਦੀ। ਇਸੇ ਤਰਾਂ ਬੰਗਾਲ ਵਿਚ ਕਿਹਾ ਜਾਂਦਾ ਹੈ ਕਿ ਲੋਕਾਂ ਨੂੰ ਆਪਣਾ ਤਜਰਬਾ ਅਤੇ ਮਸਲੇ ਭੁਲ ਜਾਣੇ ਚਾਹੀਦੇ ਹਨ ਕਿਉਂਕਿ ਜੇ ਉਨ੍ਹਾਂ ਨੇ ਸੀ.ਪੀ.ਆਈ.(ਐਮ) ਦੀ ਸਰਕਾਰ ਦੇ ਖ਼ਿਲਾਫ਼ ਕੁਝ ਕੀਤਾ ਤਾਂ ਕਾਂਗਰਸ ਜਾਂ ਭਾਜਪਾ ਤਾਕਤ ਵਿਚ ਆ ਜਾਣਗੇ ਜੋ ਕਿ ਹੋਰ ਵੀ ਭੈੜੀ ਗੱਲ ਹੋਵੇਗੀ।

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਵਿਦੇਸ਼ੀ ਜੁੰਡੀਦਾਰਾਂ ਦੇ ਡਿਵੈਲਪਮੈਂਟ, ਡੈਮੋਕ੍ਰੇਸੀ, ਸੈਕੂਲਰਵਾਦ, ਖੁੱਲ੍ਹੀ ਮੰਡੀ ਸੋਸ਼ਲਿਜ਼ਮ ਅਤੇ ਭਾਰਤ ਨਿਰਮਾਣ ਦੇ ਨਾਅਰੇ ਲੋਕਾਂ ਦੇ ਮੁਕਤੀ ਦੇ ਘੋਲਾਂ ਨੂੰ ਕੁਰਾਹੇ ਪਾਉਣ ਲਈ ਹਨ। ਇਹ ਲੋਕਾਂ ਨੂੰ ਆਪਣੇ ਮਸਲਿਆਂ ਅਤੇ ਤਜਰਬੇ ਵੱਲ ਧਿਆਨ ਦੇਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਕੁਰਾਹੇ ਪਾਉਣ ਦੀਆਂ ਸਕੀਮਾਂ ਹਨ। ਹਾਕਮ ਟੋਲਾ ਨਾਅਰੇ ਉਹੋ ਲਾਉਂਦਾ ਹੈ ਜੋ ਲੋਕਾਂ ਦੀਆਂ ਤਾਂਘਾਂ ਨਾਲ ਮੇਲ ਖਾਂਦੇ ਹਨ ਪਰ ਕੰਮ ਇਹਦੇ ਦੇ ਉਲਟ ਕਰਦਾ ਹੈ। ਮਿਸਾਲ ਦੇ ਤੌਰ 1947 ਤੋਂ ਲੈ ਕੇ ਹੁਣ ਤਕ ਜਿਹੜੀ ਵੀ ਸਰਕਾਰ ਆਈ ਹੈ ਉਸਨੇ ਗਰੀਬੀ ਹਟਾਉਣ ਦਾ ਨਾਅਰਾ ਲਾਇਆ ਹੈ ਪਰ ਗਰੀਬੀ ਵਧਦੀ ਜਾਂਦੀ ਹੈ। ਕਦੇ ਕਹਿੰਦੇ ਹਨ ਕਿ ਗਰੀਬੀ ਸੋਸ਼ਲਿਜ਼ਮ ਨਾਲ ਹਟਾਈ ਜਾਵੇਗੀ, ਕਦੇ ਕਹਿੰਦੇ ਹਨ ਕਿ ਨਿਜੀਕਰਣ ਅਤੇ ਖੁੱਲ੍ਹੀ ਮੰਡੀ ਨਾਲ ਹਟ ਜਾਵੇਗੀ ਅਤੇ ਕਦੇ ਕਹਿੰਦੇ ਹਨ ਕਿ ਡਿਵੈਲਪਮੈਂਟ ਨਾਲ ਹਟ ਜਾਵੇਗੀ।

ਇਸ ਨਾਅਰੇਬਾਜ਼ੀ ਵਿਚ ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਪਾਰਟੀਆਂ ਇਕਸੁਰ ਹਨ। ਕਾਂਗਰਸ ਹੋਵੇ ਜਾਂ ਭਾਜਪਾ, ਸੀ.ਪੀ.ਆਈ. ਹੋਵੇ ਜਾਂ ਸੀ.ਪੀ.ਆਈ.(ਐਮ) ਜਦੋਂ ਹਾਕਮ ਜਮਾਤਾਂ ਨੂੰ ਸੋਸ਼ਲਿਜ਼ਮ ਦੇ ਨਾਅਰੇ ਦੀ ਲੋੜ ਸੀ ਤਾਂ ਇਹ ਸਾਰੀਆਂ ਹੀ ਸੋਸ਼ਲਿਜ਼ਮ ਦੀ ਗੱਲ ਕਰਦੀਆਂ ਸਨ। ਕਾਂਗਰਸ ਸੋਸ਼ਲਿਜ਼ਮ ਦੀ ਗੱਲ ਕਰਦੀ ਸੀ, ਜਨਸੰਘ ਵੈਦਿਕ ਸੋਸ਼ਲਿਜ਼ਮ ਦੀ ਗੱਲ ਕਰਦੀ ਹੁੰਦੀ ਸੀ। ਖੱਬੇ ਅਤੇ ਸੱਜੇ ਕਾਮਰੇਡ ਵੀ ਇਸੇ ਰੰਗ ਵਿਚ ਸਨ। ਜਦੋਂ ਹਾਕਮ ਜਮਾਤਾਂ ਨੇ ਨਿਜੀਕਰਣ ਅਤੇ ਖੁੱਲ੍ਹੀ ਮੰਡੀ ਅਤੇ ਵਿਸ਼ਵੀਕਰਣ ਦੀ ਗੱਲ ਸ਼ੁਰੂ ਕੀਤੀ ਤਾਂ ਇਨ੍ਹਾਂ ਸਾਰੀਆਂ ਪਾਰਟੀਆਂ ਨੇ ਵੀ ਉਹੋ ਬੋਲੀ ਬੋਲਣੀ ਸ਼ੁਰੂ ਕਰ ਦਿਤੀ। ਇਹ ਸਾਰੀਆਂ ਹੀ ਪਾਰਟੀਆਂ ਹੁਣ ਆਰਥਕ ਸੁਧਾਰਾਂ ਦੀਆਂ ਗੱਲਾਂ ਕਰ ਰਹੀਆਂ ਹਨ ਅਤੇ ਪੱਛਮੀ ਬੰਗਾਲ ਵਿਚ ਸੀ.ਪੀ.ਆਈ.(ਐਮ) ਦੀ ਸਰਕਾਰ ਵੀ ਇਸੇ ਸੁਰ ਵਿਚ ਬੋਲ ਰਹੀ ਹੈ। ਕਿਸੇ ਬੂਟੇ ਦੀ ਅਸਲੀਅਤ ਦੀ ਪਛਾਣ ਉਹਦੇ ਫਲ ਤੋਂ ਹੁੰਦੀ ਹੈ। ਹਾਕਮ ਜਮਾਤਾਂ ਦੇ ਪਿਛਲੇ ਅਠਵੰਜਾ ਸਾਲਾਂ ਦੀਆਂ ਕਰਤੂਤਾਂ ਦਾ ਫਲ ਸਾਡੇ ਸਾਰਿਆਂ ਦੇ ਸਾਮ੍ਹਣੇ ਹੈ। ਇਸ ਦੇ ਫਲ ਤੋਂ ਇਸ ਬੂਟੇ ਦੀ ਪਛਾਣ ਸਾਫ ਹੈ। ਹਿੰਦੁਸਤਾਨ ਅੰਦਰ ਲੱਗੇ ਹੋਏ ਸਰਮਾਏਦਾਰੀ ਦੇ ਬੂਟੇ ਦੇ ਫਲ ਦੀ ਕੜਵਾਹਟ ਨੂੰ ਸਮਾਜਵਾਦ, ਜਮਹੂਰੀਅਤ, ਸੈਕੂਲਰਵਾਦ, ਭਾਰਤ ਨਿਰਮਾਣ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਫਰੇਬੀ ਨਾਅਰੇਬਾਜ਼ੀ ਨਾਲ ਲੁਕਾਇਆ ਨਹੀਂ ਜਾ ਸਕਦਾ ਕਿਉਂਕਿ ਗਰੀਬ ਹੋਰ ਗਰੀਬ ਹੁੰਦੇ ਜਾਂਦੇ ਹਨ ਅਤੇ ਅਮੀਰ ਹੋਰ ਅਮੀਰ। ਗ਼ਰੀਬਾਂ ਦੀ ਗਿਣਤੀ ਵੀ ਅਤੇ ਗਰੀਬੀ ਵੀ ਵਧਦੀ ਹੀ ਜਾਂਦੀ ਹੈ।

ਲੋਕਾਂ ਕੋਲ ਇਕੋ ਇਕ ਰਾਹ ਇਹ ਬਚਦਾ ਹੈ ਕਿ ਉਹ ਆਪਣੇ ਤਜਰਬੇ ਤੋਂ ਸਿੱਟੇ ਕੱਢ ਕੇ ਹਾਲਾਤ ਦਾ ਨਿਰਨਾ ਕਰਨ। ਆਪਣੇ ਤਜਰਬੇ ਤੋਂ ਕੱਢੇ ਹੋਏ ਸਿੱਟੇ ਉਨ੍ਹਾਂ ਨੂੰ ਨਵੀਂ ਉਸਾਰੀ ਦਾ ਰਾਹ ਵਿਖਾਉਣਗੇ। ਇਸ ਕੰਮ ਵਿਚ ਉਨ੍ਹਾਂ ਦੀ ਮਦਦ ਉਨ੍ਹਾਂ ਦਾ ਆਪਣਾ ਦਰਸ਼ਨ, ਆਪਣਾ ਫ਼ਲਸਫ਼ਾ, ਆਪਣੀ ਸਿਆਸੀ ਸੋਧ ਅਤੇ ਦੁਨੀਆ ਭਰ ਦੇ ਮਜ਼ਲੂਮਾਂ ਦੇ ਘੋਲਾਂ ਤੋਂ ਕੱਢੇ ਹੋਏ ਸਿੱਟੇ ਹੀ ਕਰ ਸਕਦੇ ਹਨ। ਹਾਕਮ ਜਮਾਤਾਂ ਅਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਦੇ ਨਾਅਰਿਆਂ ਦੇ ਜੰਜਾਲ ਤੋਂ ਬਚਾਅ ਸਿਰਫ਼ ਆਪਣੇ ਤਜਰਬੇ ਵੱਲ ਧਿਆਨ ਦੇ ਕੇ ਅਤੇ ਇਸ ਤੋਂ ਸਿੱਟੇ ਕੱਢ ਕੇ ਹੀ ਹੋ ਸਕਦਾ ਹੈ। ਇਸ ਤਰਾਂ ਹੀ ਲੋਕ ਆਪਣੇ ਹੱਕਾਂ ਦੀ ਰਾਖੀ ਲਈ ਨਵੇਂ ਰਾਹ ਖੋਲ੍ਹ ਸਕਦੇ ਹਨ ਅਤੇ ਆਰਥਕ, ਸਿਆਸੀ ਅਤੇ ਸਮਾਜਿਕ ਰਿਸ਼ਤੇ ਨਵੀਆਂ ਲੀਹਾਂ ਤੇ ਕਾਇਮ ਕਰ ਸਕਦੇ ਹਨ।